## ਬ੍ਰਿਟਿਸ਼ ਕੋਲੰਬੀਆ ਲਈ ਵਸੀਲੇ

### ਵਿਕਟਿਮਲਿੰਕ

ਵਿਕਟਿਮਲਿੰਕ, ਬੀ ਸੀ ਭਰ ਤੋਂ ਮੁਫਤ ਫੋਨ ਕਰਨ ਲਈ 24 ਘੰਟੇ ਦੀ ਸੰਕਟ ਲਾਈਨ ਹੈ। ਵਿਕਟਿਮਲਿੰਕ ਸਾਰੀਆਂ ਕਿਸਮਾਂ ਦੇ ਜੁਰਮਾਂ, ਜਿਸ ਵਿਚ ਕਾਮੁਕ ਹਮਲਾ, ਸੰਬੰਧਾਂ ਵਿਚ ਹਿੰਸਾ, ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਸਰੀਰਕ ਜਾਂ ਕਾਮੁਕ ਬੁਰੇ ਵਰਤਾਉ ਦੇ ਸ਼ਿਕਾਰ ਹੋਏ ਬਾਲਗ ਸ਼ਾਮਲ ਹਨ, ਲਈ ਜਾਣਕਾਰੀ ਦਿੰਦੀ ਹੈ ਅਤੇ ਅਗਾਂਹ ਭੇਜਦੀ ਹੈ। ਵਿਕਟਿਮਲਿੰਕ 130 ਬੋਲੀਆਂ ਵਿਚ ਸੇਵਾਵਾਂ ਦਿੰਦੀ ਹੈ, ਜਿਸ ਵਿਚ 17 ਅਮਰੀਕਨ ਐਬਰਿਜਨਲ ਬੋਲੀਆਂ ਵੀ ਸ਼ਾਮਲ ਹਨ। ਵਿਕਟਿਮਲਿੰਕ ਤੱਕ ਟੀ ਟੀ ਵਾਈ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ ਅਤੇ ਇਹ ਸਾਰੀਆਂ ਮੁੱਖ ਜ਼ਬਾਨਾਂ ਵਿਚ ਦੋਭਾਸ਼ੀਏ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ।

ਟੀ ਟੀ ਵਾਈ 604-875-0885
ਕੋਲੈਕਟ 711 'ਤੇ ਟੈਲਅੱਸ ਰੀਲੇਅ ਸਰਵਿਸ
ਟੋਲ-ਫ੍ਰੀ 1-800-563-0808
ਵੈੱਬਸਾਈਟ www.victimsinfo.ca/services/victimlink

### ਪੁਲੀਸ

ਜੇ ਕੋਈ ਐਮਰਜੰਸੀ ਹੋਵੇ ਜਾਂ ਜੇ ਤੁਸੀਂ ਆਪਣੀ ਸੁਰੱਖਿਆ ਲਈ ਡਰਦੇ ਹੋਵੋ ਤਾਂ ਤੁਹਾਨੂੰ ਪੁਲੀਸ ਨੂੰ ਫੋਨ ਕਰਨ ਦਾ ਹੱਕ ਹੈ। **911** ਨੂੰ ਜਾਂ ਆਪਣੀ ਸਥਾਨਕ ਪੁਲੀਸ ਨੂੰ **ਫੋਨ** ਕਰੋ।

### ਬੀ ਸੀ ਵਿਚ ਔਰਤਾਂ ਅਤੇ ਬੱਚਿਆਂ ਲਈ ਟ੍ਰਾਂਜ਼ੀਸ਼ਨ ਹਾਊਸ

ਬੀ ਸੀ ਯੂਕੋਨ ਸੁਸਾਇਟੀ ਆਫ ਟ੍ਰਾਂਜ਼ੀਸ਼ਨ ਹਾਊਸਿਜ਼ (ਬੀ ਸੀ ਵਾਈ ਐੱਸ ਟੀ ਐੱਚ) ਟ੍ਰਾਂਜ਼ੀਸ਼ਨ ਹਾਊਸਾਂ (*ਬੁਰੇ ਵਰਤਾਉ ਤੋਂ ਪੀੜਤ ਔਰਤਾਂ ਲਈ ਘਰ*), ਸੇਫ ਹਾਊਸਾਂ, ਸੈਕਿੰਡ ਸਟੇਜ ਹਾਊਸਾਂ ਅਤੇ ਹੋਰ ਗਰੁੱਪਾਂ ਦੀ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਸੰਸਥਾ ਹੈ ਜਿਹੜੀ ਬੁਰੇ ਵਰਤਾਉ ਦਾ ਸ਼ਿਕਾਰ ਹੋਈਆਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਦੀ ਹੈ।

ਟੋਲ-ਫ੍ਰੀ 1-800-661-1040
ਬੀ ਸੀ ਅਤੇ ਯੂਕੋਨ ਵਿਚ ਆਪਣੇ ਇਲਾਕੇ ਵਿਚਲੇ ਕਿਸੇ ਟ੍ਰਾਂਜ਼ੀਸ਼ਨ ਹਾਊਸ ਬਾਰੇ ਪਤਾ ਲਾਉਣ ਲਈ www.bcysth.ca/index.html ਵੈੱਬਸਾਈਟ ਤੇ ਜਾਉ।

### ਵਿਕਟਿਮ ਸਰਵਿਸਿਜ਼ ਐਂਡ ਕਰਾਇਮ ਪ੍ਰੀਵੈਨਸ਼ਨ ਡਿਵੀਜ਼ਨ, ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ

ਬੀ ਸੀ ਦੀ ਸਰਕਾਰ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਏਜੰਸੀਆਂ ਅਤੇ ਪੁਲੀਸ ਡਿਟੈਚਮੈਂਟਾਂ ਵਿੱਚੋਂ ਚੱਲਦੇ 160 ਤੋਂ ਵੀ ਜ਼ਿਆਦਾ ਪ੍ਰੋਗਰਾਮਾਂ ਲਈ ਪੈਸੇ ਦਿੰਦੀ ਹੈ ਜਿਹੜੇ ਨਿਆਂ ਸਿਸਟਮ, ਅਮਲੀ ਮਦਦ, ਜਜ਼ਬਾਤੀ ਮਦਦ ਅਤੇ ਢੁਕਵੇਂ ਹੋਰ ਪ੍ਰੋਗਰਾਮਾਂ ਕੋਲ ਭੇਜੇ ਜਾਣ ਬਾਰੇ ਜਾਣਕਾਰੀ ਦਿੰਦੇ ਹਨ।
ਜ਼ਿਆਦਾ ਜਾਣਕਾਰੀ ਲਈ ਇਨਕੁਆਰੀ ਬੀ ਸੀ ਨਾਲ ਸੰਪਰਕ ਕਰੋ:

ਵਿਕਟੋਰੀਆ ਵਿਚ 250-387-6121
ਵੈਨਕੂਵਰ ਵਿਚ 604-660-2421
ਬੀ ਸੀ ਵਿਚ ਹੋਰ ਕਿਤਿਉਂ ਵੀ 1-800-663-7867
ਬੀ ਸੀ ਦੇ ਬਾਹਰੋਂ 604-660-2421
ਵੈੱਬਸਾਈਟ
www.pssg.gov.bc.ca/victim_services/index.htm

## ਐਬਰਿਜਨਲ ਔਰਤਾਂ ਲਈ ਵਸੀਲੇ

### ਐਬਰਿਜਨਲ ਟ੍ਰਾਂਜ਼ੀਸ਼ਨ ਹਾਊਸ ਅਤੇ ਪਰਿਵਾਰਕ ਹਿੰਸਾ ਬਾਰੇ ਸੰਕਟ ਲਾਈਨਾਂ

ਟੋਲ-ਫ੍ਰੀ 1-800-563-0808
ਵਿਕਟਿਮਲਿੰਕ ਫੋਨ ਲਾਈਨ (24 ਘੰਟੇ)

### ਐਬਰਿਜਨਲ ਕੈਨੇਡਾ ਪੋਰਟਲ

ਐਬਰਿਜਨਲ ਕੈਨੇਡਾ ਪੋਰਟਲ, ਫਸਟ ਨੇਸ਼ਨਜ਼, ਮੀਟਿਸ ਅਤੇ ਇਨੂਇਟ ਕਮਿਉਨਟੀਆਂ ਲਈ ਔਨਲਾਈਨ ਵਸੀਲਿਆਂ ਅਤੇ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਇਕ ਖਿੜਕੀ ਹੈ।

ਟੋਲ-ਫ੍ਰੀ 1-888-399-0111
ਵੈੱਬਸਾਈਟ www.aboriginalcanada.gc.ca/acp/site.nsf/en/index.html

### ਇੰਡੀਅਨ ਰੈਜ਼ੀਡੈਂਸ਼ਲ ਸਕੂਲ ਸਰਵਾਈਵਰਜ਼ ਸੁਸਾਇਟੀ

ਆਈ ਆਰ ਐੱਸ ਐੱਸ ਐੱਸ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਐਬਰਿਜਨਲ ਸੰਸਥਾ ਹੈ। ਆਈ ਆਰ ਐੱਸ ਐੱਸ ਐੱਸ ਬੀ ਸੀ ਵਿਚ ਐਬਰਿਜਨਲ ਲੋਕਾਂ ਦੀ ਰਿਹਾਇਸ਼ੀ ਸਕੂਲਾਂ ਦੇ ਪੀੜ੍ਹੀਆਂ ਤੋਂ ਚੱਲੇ ਆ ਰਹੇ ਅਸਰਾਂ ਤੋਂ ਠੀਕ ਹੋਣ ਵਿਚ ਮਦਦ ਕਰਦੀ ਹੈ।

ਫੋਨ: 1-800-925-4419 (ਨੈਸ਼ਨਲ ਸਹਾਇਤਾ ਲਾਈਨ)
ਟੋਲ-ਫ੍ਰੀ 1-800-721-0066

## ਨਾਨ-ਸਟੈਟਸ, ਰਿਫਿਊਜੀ ਅਤੇ ਇਮੀਗਰੈਂਟ ਔਰਤਾਂ ਲਈ ਵਸੀਲੇ

### ਅਮਸਾ

ਅਮਸਾ ਮੈਂਬਰ ਏਜੰਸੀਆਂ ਦਾ ਇਕ ਮੇਲ ਹੈ ਜੋ ਕਿ ਬੀ ਸੀ ਭਰ ਵਿਚ ਇਮੀਗਰਾਂਟਾਂ ਨੂੰ ਵਸੇਬੇ ਦੀਆਂ ਅਤੇ ਬਹੁਸਭਿਆਚਰਕ ਸੇਵਾਵਾਂ ਪ੍ਰਦਾਨ ਕਰਦੀ ਹੈ।

ਫੋਨ 604-718-2780 ਜਾਂ 1-888-355-5560
ਵੈੱਬਸਾਈਟ www.amssa. org

### ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ

ਬੀ ਸੀ ਦੀ ਆਈ ਐੱਸ ਐੱਸ, ਲੋਅਰ ਮੇਨਲੈਂਡ ਵਿਚ ਇਮੀਗਰਾਂਟਾਂ ਅਤੇ ਰਫਿਊਜੀ ਕਮਿਉਨਟੀਆਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਬੀ ਸੀ ਦੀ ਆਈ ਐੱਸ ਐੱਸ, ਉਸ ਦਿਨ ਤੋਂ ਹੀ ਇਮੀਗਰਾਂਟਾਂ ਦੇ ਵਸੇਬੇ, ਸਿਖਿਆ ਅਤੇ ਏਕੀਕਰਨ ਵਿਚ ਮਹੱਤਵਪੂਰਨ ਰੋਲ ਨਿਭਾਉਂਦੀ ਹੈ ਜਿਸ ਦਿਨ ਉਹ ਕੈਨੇਡਾ ਵਿਚ ਪਹੁੰਚਦੇ ਹਨ। ਬੀ ਸੀ ਦੀ ਆਈ ਐੱਸ ਐੱਸ ਨਵੇਂ ਆਉਣ ਵਾਲਿਆਂ ਦੀ ਦੋਸਤ ਹੈ, ਜੋ ਕਿ ਵਸੇਬੇ ਦੀਆਂ ਮੁਢਲੀਆਂ ਲੋੜਾਂ ਅਤੇ ਬੋਲੀ ਅਤੇ ਰੁਜ਼ਗਾਰ ਦੀ ਢੁਕਵੀਂ ਟਰੇਨਿੰਗ ਵਿਚ ਮਦਦ ਕਰਦੀ ਹੈ ਅਤੇ ਉਨ੍ਹਾਂ ਦੀਆਂ ਕਮਿਉਨਟੀਆਂ ਵਿਚ ਨੈੱਟਵਰਕ ਸਥਾਪਤ ਕਰਨ ਵਿਚ ਮਦਦ ਕਰਦੀ ਹੈ।

ਫੋਨ 604-684-2561

### ਵੈਨਕੂਵਰ ਐਂਡ ਲੋਅਰ ਮੇਨਲੈਂਡ ਮਲਟੀਕਲਚਰਲ ਫੈਮਿਲੀ ਸਪੋਰਟ ਸਰਵਿਸਿਜ਼

ਸੰਬੰਧਾਂ ਵਿਚ ਹਿੰਸਾ ਦੇ ਕੇਸਾਂ ਵਾਲੀਆਂ ਇਮੀਗਰਾਂਟ ਅਤੇ ਘੱਟ ਗਿਣਤੀ ਕਮਿਉਨਟੀਆਂ ਦੀਆਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਸੇਵਾਵਾਂ ਪ੍ਰਦਾਨ ਕਰਦੀ ਹੈ।

ਫੋਨ 604-436-1025
ਵੈੱਬਸਾਈਟ www.vlmfss.ca

## ਅਪਾਹਜ ਲੋਕਾਂ ਲਈ ਵਸੀਲੇ

### ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਟੀਜ਼

ਬੀ ਸੀ ਸੀ ਪੀ ਡੀ, ਅਪਾਹਜ ਲੋਕਾਂ ਦੇ ਹੱਕਾਂ ਲਈ ਇਕ ਗਰੁੱਪ ਹੈ। ਉਹ ਤੁਹਾਨੂੰ ਬੀ ਸੀ ਵਿਚਲੀਆਂ ਹੋਰ ਸੇਵਾਵਾਂ ਅਤੇ ਅਪਾਹਜ ਲੋਕਾਂ ਲਈ ਵਸੀਲਿਆਂ ਬਾਰੇ ਦੱਸ ਸਕਦੇ ਹਨ।

ਫੋਨ 604-875-0188 ਟੀ ਟੀ ਵਾਈ 604-875-8835
ਵੈੱਬਸਾਈਟ www.bccpd.bc.ca

## ਸਮਲਿੰਗੀ, ਬਾਈਸੈਕਸੁਅਲ ਅਤੇ ਟਰਾਂਸਜੈਂਡਰਡ ਕਮਿਉਨਟੀਆਂ ਲਈ ਵਸੀਲੇ

### ਪਰਾਈਡਲਾਈਨ

ਪ੍ਰਾਈਡਲਾਈਨ ਸਾਥੀਆਂ ਵਲੋਂ ਮਦਦ/ਜਾਣਕਾਰੀ/ਰੈਫਰਲ ਲਈ ਫੋਨ ਲਾਈਨ ਹੈ ਜੋ ਕਿ ਸਮਲਿੰਗੀ, ਟਰਾਂਸਜੈਂਡਰਡ ਅਤੇ ਬਾਈਸੈਕਸੁਅਲ ਕਮਿਉਨਟੀਆਂ ਨੂੰ ਸਥਾਨਕ ਤੌਰ 'ਤੇ ਅਤੇ ਸੂਬੇ ਭਰ ਵਿਚ ਸੇਵਾਵਾਂ ਦਿੰਦੀ ਹੈ। ਪ੍ਰਾਈਡਲਾਈਨ, ਸਮਾਜਿਕ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ, ਸਹਾਇਤਾ ਗਰੁੱਪਾਂ, ਸਮਲਿੰਗੀ ਪ੍ਰਤੀ ਦੋਸਤਾਨਾ ਡਾਕਟਰਾਂ ਜਾਂ ਇਲਾਜ ਕਰਨ ਵਾਲਿਆਂ ਬਾਰੇ ਜਾਣਕਾਰੀ ਦਿੰਦੀ ਹੈ; ਅਤੇ ਕਿਊਮਿਨਟੀ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੰਦੀ ਹੈ। ਇਸ ਤੋਂ ਇਲਾਵਾ, ਪ੍ਰਾਈਡਲਾਈਨ ਵੱਖ ਵੱਖ ਵਿਸ਼ਿਆਂ ਬਾਰੇ ਸਾਥੀਆਂ ਦੀ ਮਦਦ ਪ੍ਰਦਾਨ ਕਰਦੀ ਹੈ ਜਿਸ ਵਿਚ ਆਪਣੀ ਲਿੰਗਕ ਪਛਾਣ ਬਾਰੇ ਦੂਸਰਿਆਂ ਨੂੰ ਦੱਸਣ, ਸੰਬੰਧਾਂ ਵਿਚ ਮਤਭੇਦ, ਕੰਮ ਦੇ ਸਥਾਨ 'ਤੇ ਔਖਿਆਈਆਂ, ਅਤੇ ਮਾਪੇਪੁਣੇ ਦੇ ਮਾਮਲਿਆਂ ਤੋਂ ਲੈ ਕੇ ਸਮਲਿੰਗੀ ਘਰੇਲੂ ਹਿੰਸਾ ਅਤੇ ਖੁਦਕਸ਼ੀ ਵਰਗੇ ਵਿਸ਼ੇ ਸ਼ਾਮਲ ਹਨ।

ਫੋਨ 604 684-6869 ਵੈਨਕੂਵਰ ਲੋਅਰ ਮੇਨਲੈਂਡ ਵਿਚ:
ਟੋਲ-ਫ੍ਰੀ 1-800-566-1170 ਬੀ ਸੀ ਵਿਚ
ਵੈੱਬਸਾਈਟ www.qmunity.ca/adults/prideline/

BATTERED WOMEN'S SUPPORT SERVICES | The Violence Stops Here

When Battered Women Are Arrested [Punjabi]

## ਬਜ਼ੁਰਗਾਂ ਲਈ ਵਸੀਲੇ

### ਬੀ ਸੀ ਕੋਲੀਸ਼ਨ ਟੂ ਇਲਿਮੀਨੇਟ ਅਬਿਊਜ਼ ਆਫ ਸੀਨੀਅਰਜ਼

ਬੀ ਸੀ ਸੀ ਈ ਏ ਐੱਸ ਬਜ਼ੁਰਗਾਂ ਨਾਲ ਬੁਰੇ ਵਰਤਾਉ ਤੋਂ ਰੋਕਥਾਮ ਕਰਨ ਲਈ ਕੰਮ ਕਰਦੀ ਹੈ ਅਤੇ ਜ਼ਿਆਦਾ ਉਮਰ ਦੇ ਉਨ੍ਹਾਂ ਬਾਲਗਾਂ ਦੀ ਸਹਾਇਤਾ ਅਤੇ ਮਦਦ ਕਰਦੀ ਹੈ ਜਿਨ੍ਹਾਂ ਨਾਲ ਬੁਰਾ ਵਰਤਾਉ ਹੋ ਰਿਹਾ ਹੈ ਜਾਂ ਹੋ ਸਕਦਾ ਹੈ ਅਤੇ ਜਿਨ੍ਹਾਂ ਦੇ ਹੱਕਾਂ ਦੀ ਉਲੰਘਣਾ ਹੋਈ ਹੈ।

ਫੋਨ 604-437-1940 (ਸਥਾਨਕ)
ਬਜ਼ੁਰਗਾਂ ਲਈ ਜਾਣਕਾਰੀ ਅਤੇ ਮਦਦ ਦੀ ਲਾਈਨ
ਟੋਲ-ਫ੍ਰੀ 1-866-437-1940
ਵੈੱਬਸਾਈਟ http://bcceas.ca/

## ਕਾਨੂੰਨੀ ਸਹਾਇਤਾ

**ਲੀਗਲ ਸਰਵਿਸਿਜ਼ ਸੁਸਾਇਟੀ** ਕੋਲ ਉਨ੍ਹਾਂ ਲੋਕਾਂ ਲਈ ਕਈ ਤਰ੍ਹਾਂ ਦੀਆਂ ਮੁਫਤ ਸੇਵਾਵਾਂ ਹਨ ਜਿਨ੍ਹਾਂ ਨੂੰ ਕੋਈ ਕਾਨੂੰਨੀ ਸਮੱਸਿਆ ਹੈ ਪਰ ਉਹ ਵਕੀਲ ਨਹੀਂ ਕਰ ਸਕਦੇ। ਐੱਲ ਐੱਸ ਐੱਸ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਸੰਸਥਾ ਹੈ ਜਿਹੜੀ ਬ੍ਰਿਟਿਸ਼ ਕੋਲੰਬੀਅਨਾਂ ਨੂੰ ਕਾਨੂੰਨੀ ਸਹਾਇਤਾ (ਲੀਗਲ ਏਡ) ਪ੍ਰਦਾਨ ਕਰਦੀ ਹੈ। ਲੀਗਲ ਏਡ ਦੀਆਂ ਸੇਵਾਵਾਂ ਵਿਚ ਸ਼ਾਮਲ ਹਨ:

**ਕਾਨੂੰਨੀ ਜਾਣਕਾਰੀ** ਲੀਗਲ ਇਨਫਰਮੇਸ਼ਨ ਆਊਟਰੀਚ ਵਰਕਰਾਂ ਅਤੇ ਲਾਅਲਾਈਨ ਦੇ ਕਰਮਚਾਰੀਆਂ ਰਾਹੀਂ, ਅਤੇ ਇਸ ਦੇ ਨਾਲ ਨਾਲ ਬਹੁਤ ਸਾਰੀਆਂ ਜ਼ਬਾਨਾਂ ਵਿਚ ਲਿਖਤਾਂ ਅਤੇ ਬੀ ਸੀ ਦੇ ਪਰਿਵਾਰਕ ਕਾਨੂੰਨ (ਫੈਮਿਲੀ ਲਾਅ) ਬਾਰੇ ਜਾਣਕਾਰੀ। ਵੈੱਬਸਾਈਟ www.familylaw.lss.bc.ca

**ਕਾਨੂੰਨੀ ਸਲਾਹ,** ਬਹੁਤੀਆਂ ਅਦਾਲਤਾਂ ਵਿਚਲੇ ਡਿਊਟੀ ਕੌਂਸਲ ਦੇ ਵਕੀਲਾਂ ਰਾਹੀਂ। ਤੁਸੀਂ ਕਈ ਫੈਮਿਲੀ ਜਸਟਿਸ ਸੈਂਟਰਾਂ ਵਿਚਲੇ ਪਰਿਵਾਰਾਂ ਨੂੰ ਸਲਾਹ ਦੇਣ ਵਾਲੇ ਵਕੀਲਾਂ ਤੋਂ ਵੀ ਮਦਦ ਲੈ ਸਕਦੇ ਹੋ।

ਲੋਅਰ ਮੇਨਲੈਂਡ ਵਿਚ ਫੋਨ 604-408-2172
ਜਾਂ 1-866-577-2525 (ਲੋਅਰ ਮੇਨਲੈਂਡ ਤੋਂ ਬਾਹਰ)

**ਕਾਨੂੰਨੀ ਨੁਮਾਇੰਦਗੀ** ਉਨ੍ਹਾਂ ਲਈ ਕਿਸੇ ਵਕੀਲ ਵਲੋਂ ਜਿਹੜੇ ਹੱਕਦਾਰ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਪਰਿਵਾਰਕ, ਬੱਚੇ ਦੀ ਹਿਫਾਜ਼ਤ, ਜਾਂ ਫੌਜ਼ਦਾਰੀ ਕਾਨੂੰਨ (ਕਰਿਮੀਨਲ ਲਾਅ) ਨਾਲ ਸੰਬੰਧਿਤ ਕੋਈ ਗੰਭੀਰ ਮਸਲਾ ਹੁੰਦਾ ਹੈ। ਇਹ ਇਮੀਗਰੇਸ਼ਨ, ਮਾਨਸਿਕ ਸਿਹਤ (ਮੈਂਟਲ ਹੈਲਥ) ਅਤੇ ਜੇਲ੍ਹ ਨਾਲ ਸੰਬੰਧਿਤ ਕਾਨੂੰਨ ਦੇ ਕੁਝ ਮਾਮਲਿਆਂ ਲਈ ਵੀ ਉਪਲਬਧ ਹੈ।


ਤੁਸੀਂ ਲੀਗਲ ਏਡ ਦੇ ਦਫਤਰ ਵਿਚ ਨਿੱਜੀ ਰੂਪ ਵਿਚ ਅਪਲਾਈ ਕਰ ਸਕਦੇ ਹੋ, ਜਾਂ ਕਾਲ ਸੈਂਟਰ ਨੂੰ ਫੋਨ ਕਰਕੇ ਫੋਨ 'ਤੇ ਅਪਲਾਈ ਕਰ ਸਕਦੇ ਹੋ। ਲੀਗਲ ਏਡ ਦੇ ਕਿਸੇ ਦਫਤਰ ਤੱਕ ਪਹੁੰਚ ਕਰਨ ਲਈ ਜੇ ਤੁਹਾਨੂੰ ਦੂਰੋਂ ਫੋਨ ਕਰਨਾ ਪੈਣਾ ਹੈ ਤਾਂ ਇਨਕੁਆਰੀ ਬੀ ਸੀ ਨੂੰ ਫੋਨ ਕਰੋ ਅਤੇ ਦਫਤਰ ਦੇ ਉਸ ਨੰਬਰ 'ਤੇ ਬਦਲੇ ਜਾਣ ਲਈ ਕਹੋ ਜਿੱਥੇ ਤੁਸੀਂ ਗੱਲ ਕਰਨਾ ਚਾਹੁੰਦੇ ਹੋ (ਮੁਫਤ ਕਾਲ):

ਫੋਨ 1-800-663-7867 ਵਿਕਟੋਰੀਆ ਅਤੇ ਵੈਨਕੂਵਰ ਤੋਂ ਬਾਹਰ
ਵਿਕਟੋਰੀਆ 250-387-6121
ਵੈਨਕੂਵਰ 604-660-2421

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਬੀ ਡਬਲਯੂ ਐੱਸ ਐੱਸ (BWSS) ਨਾਲ ਕੰਮਕਾਰ ਵਾਲੇ ਦਿਨਾਂ ਵਿਚ ਸਵੇਰ ਦੇ 10 ਵਜੇ ਅਤੇ ਸ਼ਾਮ ਦੇ 5 ਵਜੇ ਵਿਚਕਾਰ ਅਤੇ ਬੁੱਧਵਾਰਾਂ ਨੂੰ ਸ਼ਾਮ ਦੇ 8 ਵਜੇ ਤੱਕ ਸੰਪਰਕ ਕਰੋ।

**604-687-1867**

www.bwss.org • www.theviolencestopshere.ca



# ਔਰਤਾਂ ਲਈ ਵਸੀਲੇ

## ਜਦੋਂ ਬੁਰੇ ਵਰਤਾਉ ਦਾ ਸ਼ਿਕਾਰ ਹੋਈਆਂ ਔਰਤਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ

### ਇਕ ਵਧ ਰਹੀ ਸਮੱਸਿਆ

**ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋਇਆ ਹੈ ਅਤੇ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਹੈ**

**ਉਨ੍ਹਾਂ ਔਰਤਾਂ ਲਈ ਇਕ ਵਸੀਲਾ ਜਿਨ੍ਹਾਂ ਨਾਲ ਉਨ੍ਹਾਂ ਦੇ ਸਾਥੀ ਨੇ ਬੁਰਾ ਵਰਤਾਉ ਕੀਤਾ ਹੈ ਅਤੇ ਪੁਲੀਸ ਨੇ ਗ੍ਰਿਫਤਾਰ ਕੀਤਾ ਹੈ।**

ਜੇ ਤੁਹਾਨੂੰ ਪੁਲੀਸ ਨੇ ਆਪਣੇ ਸਾਥੀ (ਪਾਰਟਨਰ) 'ਤੇ ਹਮਲਾ ਕਰਨ ਕਰਕੇ ਗ੍ਰਿਫਤਾਰ ਕੀਤਾ ਹੈ, ਭਾਵੇਂ ਕਿ ਤੁਸੀਂ ਉਸ ਸਾਥੀ (ਪਾਰਟਨਰ) ਵਲੋਂ ਕੀਤੇ ਜਾਣ ਵਾਲੇ ਜਜ਼ਬਾਤੀ ਜਾਂ ਸਰੀਰਕ ਬੁਰੇ ਵਰਤਾਉ ਦਾ ਸ਼ਿਕਾਰ ਹੁੰਦੇ ਰਹੇ ਹੋ ਤਾਂ ਇਹ ਲਿਖਤ (ਬਰੋਸ਼ਰ) ਤੁਹਾਡੇ ਲਈ ਹੈ। ਇਸ ਦਾ ਮੰਤਵ ਤੁਹਾਨੂੰ ਮਦਦ ਲੈਣ ਅਤੇ ਆਪਣੀ ਗ੍ਰਿਫਤਾਰੀ ਦੇ ਸੰਬੰਧ ਵਿਚ ਕਦਮ ਚੁੱਕਣ ਦੇ ਯੋਗ ਬਣਾਉਣਾ ਹੈ।

BATTERED WOMEN'S SUPPORT SERVICES | The Violence Stops Here

www.bwss.org • www.theviolencestopshere.ca

## ਬੁਰੇ ਵਰਤਾਉ ਦਾ ਸ਼ਿਕਾਰ ਔਰਤਾਂ ਦੀ ਗ੍ਰਿਫਤਾਰੀ ਇਕ ਵਧ ਰਹੀ ਸਮੱਸਿਆ

ਵਧਦੀ ਜਾ ਰਹੀ ਗਿਣਤੀ ਵਿਚ ਔਰਤਾਂ ਬੈਟਰਡ ਵਿਮਨ'ਜ਼ ਸਪੋਰਟ ਸਰਵਿਸਜ਼ -ਬੀ ਡਬਲਯੂ ਐੱਸ ਐੱਸ (Battered Women Support Services- BWSS) ਵਿਖੇ ਸੇਵਾਵਾਂ ਅਤੇ ਮਦਦ ਤੱਕ ਪਹੁੰਚ ਕਰ ਰਹੀਆਂ ਹਨ ਜਿਨ੍ਹਾਂ ਨੂੰ ਆਪਣੇ ਸਾਥੀਆਂ ਖਿਲਾਫ ਘਰੇਲੂ ਹਿੰਸਾ ਲਈ ਗ੍ਰਿਫਤਾਰ ਕੀਤਾ ਗਿਆ ਹੁੰਦਾ ਹੈ। *ਬੀ ਡਬਲਯੂ ਐੱਸ ਐੱਸ (BWSS) ਦੇ ਸਾਰੇ ਕੇਸਾਂ ਵਿਚ, ਇਹ ਗ੍ਰਿਫਤਾਰੀਆਂ ਇਸ ਸਚਾਈ ਦੇ ਬਾਵਜੂਦ ਹੋਈਆਂ ਕਿ ਇਹ ਔਰਤਾਂ ਉਨ੍ਹਾਂ ਸੰਬੰਧਾਂ ਵਿਚ ਸਨ ਜਿੱਥੇ ਉਨ੍ਹਾਂ ਨਾਲ ਆਪ ਉਨ੍ਹਾਂ ਦੇ ਸਾਥੀਆਂ ਵਲੋਂ ਬੁਰਾ ਵਰਤਾਉ ਹੋ ਰਿਹਾ ਸੀ।* ਇਨ੍ਹਾਂ ਕੇਸਾਂ ਵਿਚਲੀਆਂ ਔਰਤਾਂ ਨੇ ਤਕਰੀਬਨ ਹਮੇਸ਼ਾਂ ਇਹ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਹ ਤਾਂ ਉਦੋਂ ਆਪਣੀ ਰੱਖਿਆ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ, ਅਤੇ ਅਕਸਰ ਪਹਿਲੇ ਮੌਕਿਆਂ 'ਤੇ ਸਾਥੀ ਵਲੋਂ ਬੁਰੇ ਵਰਤਾਉ ਦੇ ਸੰਬੰਧ ਵਿਚ ਪੁਲੀਸ ਨੇ ਦਖਲ ਦਿੱਤਾ ਸੀ।

## ਗ੍ਰਿਫਤਾਰ ਹੋਣ ਦੇ ਕੀ ਸਿੱਟੇ ਨਿਕਲਦੇ ਹਨ?

ਜਿਵੇਂ ਤੁਹਾਨੂੰ ਤਜਰਬਾ ਹੋਇਆ ਹੈ, ਗ੍ਰਿਫਤਾਰ ਕੀਤੀਆਂ ਔਰਤਾਂ ਲਈ ਬਹੁਤ ਹੀ ਗੰਭੀਰ ਕਾਨੂੰਨੀ, ਸਮਾਜਿਕ, ਆਰਥਿਕ ਅਤੇ ਜਜ਼ਬਾਤੀ ਸਿੱਟੇ ਨਿਕਲਦੇ ਹਨ। ਇਹ ਸਿੱਟੇ ਉਸ ਵੱਡੇ ਬੋਝ ਵਿਚ ਵਾਧਾ ਕਰਦੇ ਹਨ ਜਿਹੜਾ ਔਰਤਾਂ ਨੂੰ ਪਹਿਲਾਂ ਹੀ ਉਨ੍ਹਾਂ ਸੰਬੰਧਾਂ ਵਿਚ ਹਿੰਸਾ ਦੇ ਸ਼ਿਕਾਰ ਵਜੋਂ ਆਪਣੇ ਮੋਢਿਆਂ 'ਤੇ ਚੁੱਕਣਾ ਪੈ ਰਿਹਾ ਹੈ।

ਉਦਾਹਰਣ ਲਈ, ਬਹੁਤ ਸਾਰੀਆਂ ਹੋਰ ਔਰਤਾਂ ਵਾਂਗ, ਤੁਸੀਂ ਆਪਣੀ ਗ੍ਰਿਫਤਾਰੀ ਨਾਲ ਅੱਗੇ ਲਿਖੇ ਅਸਰ ਮਹਿਸੂਸ ਕਰ ਰਹੇ ਹੋ ਸਕਦੇ ਹੋ:

- **ਤੁਸੀਂ ਆਪਣੇ ਸਾਥੀ ਵਲੋਂ ਅਗਾਂਹ ਹੋਰ ਬੁਰੇ ਵਰਤਾਉ ਹੋਣ ਦੀ ਸੰਭਾਵਨਾ ਮਹਿਸੂਸ ਕਰ ਸਕਦੇ ਹੋ।** ਤੁਹਾਡੇ ਵਲੋਂ ਭਵਿੱਖ ਵਿਚ ਪੁਲੀਸ ਨੂੰ ਫੋਨ ਕਰਨ ਦੀ ਸੰਭਾਵਨਾ ਘੱਟ ਸਕਦੀ ਹੈ ਜਾਂ ਜੇ ਤੁਸੀਂ ਸੁਰੱਖਿਆ ਮੰਗੋ ਤਾਂ ਹੋ ਸਕਦਾ ਪੁਲੀਸ ਹੁਣ ਤੁਹਾਡੀ ਰੱਖਿਆ ਕਰਨ ਦੀ ਚਾਹਵਾਨ ਨਾ ਹੋਵੇ। ਤੁਸੀਂ ਉਸ ਸਿਸਟਮ ਵਲੋਂ ਤਿਆਗ ਦਿੱਤੇ ਗਏ ਮਹਿਸੂਸ ਕਰ ਸਕਦੇ ਹੋ ਜਿਸ ਤੋਂ ਤੁਹਾਡੀ ਰੱਖਿਆ ਕਰਨ ਦੀ ਆਸ ਰੱਖੀ ਜਾਂਦੀ ਹੈ।
- **ਤੁਹਾਨੂੰ ਇਕ ਗੁੰਝਲਦਾਰ ਅਤੇ ਮਹਿੰਗੇ ਕਰਿਮੀਨਲ ਜਸਟਿਸ ਸਿਸਟਮ ਵਿਚ ਦੀ ਲੰਘਣ ਲਈ ਮਜ਼ਬੂਰ ਕੀਤਾ ਗਿਆ ਹੋ ਸਕਦਾ ਹੈ ਜਿਸ ਨੂੰ ਤੁਸੀਂ ਨਹੀਂ ਸਮਝਦੇ।** ਤੁਹਾਨੂੰ ਲੀਗਲ ਏਡ (ਕਾਨੂੰਨੀ ਸਹਾਇਤਾ) ਤੋਂ ਨਾਂਹ ਕੀਤੀ ਗਈ ਹੈ। ਤੁਸੀਂ ਵਕੀਲ ਦਾ ਖਰਚਾ ਨਹੀਂ ਦੇ ਸਕਦੇ। ਤੁਸੀਂ ਨਹੀਂ ਜਾਣਦੇ ਕਿ ਕਾਨੂੰਨੀ ਮਦਦ ਲਈ ਕਿੱਥੇ ਜਾਣਾ ਹੈ।
- **ਤੁਹਾਡੇ ਸਾਥੀ ਨੇ ਕਰਿਮੀਨਲ ਜਸਟਿਸ ਸਿਸਟਮ ਦੀ ਵਰਤੋਂ ਤੁਹਾਡੇ ਨਾਲ ਜਜ਼ਬਾਤੀ ਤੌਰ 'ਤੇ ਬੁਰਾ ਵਰਤਾਉ ਕਰਨ ਦੇ ਇਕ ਹੋਰ ਢੰਗ ਵਜੋਂ ਕੀਤੀ ਹੋ ਸਕਦੀ ਹੈ।** ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਸਾਥੀ ਨੇ ਤੁਹਾਨੂੰ ਗ੍ਰਿਫਤਾਰ ਕਰਵਾ ਕੇ ਹੋਰ ਤਾਕਤ ਹਾਸਲ ਕਰ ਲਈ ਹੈ। ਤੁਸੀਂ ਮਹਿਸੂਸ ਕਰਦੇ ਹੋ ਕਿ ਕਰਿਮੀਨਲ ਜਸਟਿਸ ਸਿਸਟਮ ਦੀ ਵਰਤੋਂ ਕਰਕੇ ਉਹ ਤੁਹਾਨੂੰ ਕੰਟਰੋਲ ਕਰ ਰਿਹਾ ਹੈ ਅਤੇ ਛਲ ਖੇਡ ਰਿਹਾ ਹੈ।
- ***ਤੁਹਾਡੇ ਬੱਚਿਆਂ ਨਾਲ ਤੁਹਾਡੇ ਸੰਬੰਧਾਂ ਉੱਪਰ ਅਸਰ ਪਿਆ ਹੋ ਸਕਦਾ ਹੈ।*** ਤੁਹਾਡੀ ਗ੍ਰਿਫਤਾਰੀ ਨੂੰ ਪਰਿਵਾਰਕ ਕਾਨੂੰਨ (ਫੈਮਿਲੀ ਲਾਅ) ਦੀ ਕਾਰਵਾਈ ਵਿਚ ਤੁਹਾਡੇ ਖਿਲਾਫ ਵਰਤਿਆ ਗਿਆ ਹੈ। ਗ੍ਰਿਫਤਾਰੀ ਦੇ ਨਤੀਜੇ ਵਜੋਂ ਮਨਿਸਟਰੀ ਆਫ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ (ਐੱਮ ਸੀ ਐੱਫ ਡੀ) ਨੇ ਦਖਲ ਦਿੱਤਾ ਹੈ ਅਤੇ ਤੁਸੀਂ ਬੱਚਿਆਂ ਦਾ ਹੱਕ (ਕਸਟੱਡੀ) ਗਵਾ ਬੈਠੇ ਹੋ। ਤੁਹਾਡੇ ਬੱਚਿਆਂ ਨੂੰ ਬੁਰਾ ਵਰਤਾਉ ਕਰਨ ਵਾਲੇ ਮਾਪੇ ਕੋਲ ਛੱਡ ਕੇ ਖਤਰੇ ਵਿਚ ਪਾਇਆ ਜਾ ਰਿਹਾ ਹੈ।
- **ਤੁਹਾਡੇ ਕੰਮ ਕਰਨ ਦੇ ਮੌਕਿਆਂ ਉੱਪਰ ਅਸਰ ਪਿਆ ਹੋ ਸਕਦਾ ਹੈ।** ਜੇ ਤੁਸੀਂ ਦੋਸ਼ੀ ਪਾਏ ਜਾਂਦੇ ਹੋ ਤਾਂ ਤੁਹਾਨੂੰ ਕੁਝ ਕਿੱਤਿਆਂ ਵਿਚ ਕੰਮ ਲੱਭਣਾ ਜਾਂ ਕੰਮ 'ਤੇ ਰਹਿਣਾ ਔਖਾ ਮਹਿਸੂਸ ਹੋ ਸਕਦਾ ਹੈ।
- **ਤੁਹਾਡੇ ਇਮੀਗਰੇਸ਼ਨ ਦੇ ਦਰਜੇ ਉੱਪਰ ਅਸਰ ਪਿਆ ਹੋ ਸਕਦਾ ਹੈ।** ਜੇ ਤੁਸੀ ਮੁਜਰਮਾਨਾ ਤੌਰ 'ਤੇ ਦੋਸ਼ੀ ਪਾਏ ਜਾਂਦੇ ਹੋ ਤਾਂ ਇਹ ਤੁਹਾਡਾ ਕੈਨੇਡਾ ਵਿਚ ਰਹਿਣਾ ਨਾ ਮੰਨਣਯੋਗ ਬਣਾ ਸਕਦਾ ਹੈ।

## ਔਰਤਾਂ ਦੀਆਂ ਗ੍ਰਿਫਤਾਰੀਆਂ ਕਿਉਂ ਹੋ ਰਹੀਆਂ ਹਨ?

ਇਹ ਕਹਿਣਾ ਔਖਾ ਹੈ ਕਿ ਬੁਰੇ ਵਰਤਾਉ ਦਾ ਸ਼ਿਕਾਰ ਇੰਨੀਆਂ ਜ਼ਿਆਦਾ ਔਰਤਾਂ ਗ੍ਰਿਫਤਾਰ ਕਿਉਂ ਹੋ ਰਹੀਆਂ ਹਨ, ਪਰ ਇਸ ਵਿਸ਼ੇ ਉੱਪਰ ਵੱਡੀ ਮਾਤਰਾ ਵਿਚ ਲਿਖਤੀ ਜਾਣਕਾਰੀ ਇਹ ਸੰਕੇਤ ਦਿੰਦੀ ਹੈ ਕਿ ਇਹ ਸਮੱਸਿਆ ਕੈਨੇਡਾ ਭਰ ਵਿਚ ਵਧ ਰਹੀ ਹੈ।

ਕੁਝ ਸ੍ਰੋਤਾਂ ਦਾ ਕਹਿਣਾ ਹੈ ਕਿ ਔਰਤਾਂ ਦੀ ਗ੍ਰਿਫਤਾਰੀ ਜ਼ਿਆਦਾ ਗਿਣਤੀ ਵਿਚ ਪੁਲੀਸ ਦੀਆਂ ਗ੍ਰਿਫਤਾਰੀ ਪੱਖੀ, ਚਾਰਜ ਪੱਖੀ, ਨੋ ਡਰੌਪ ਅਤੇ ਜ਼ਰੂਰੀ ਗ੍ਰਿਫਤਾਰੀ ਦੀਆਂ ਨੀਤੀਆਂ ਕਰਕੇ ਹੋ ਰਹੀ ਹੈ (ਇਸ ਨੂੰ ਅਕਸਰ "ਲਾਜ਼ਮੀ ਦੋਸ਼ ਲਾਉਣ (ਚਾਰਜ ਕਰਨ)" ਦੀਆਂ ਨੀਤੀਆਂ ਆਖਿਆ ਜਾਂਦਾ ਹੈ)। ਪੁਲੀਸ ਇਹ ਮਹਿਸੂਸ ਕਰ ਸਕਦੀ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਉਸ ਧਿਰ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ ਜਿਸ ਨੇ ਹਿੰਸਾ ਕੀਤੀ ਹੈ ਭਾਵੇਂ ਪ੍ਰਸੰਗ ਕੋਈ ਵੀ ਹੋਵੇ। ਬਦਕਿਸਮਤੀ ਨਾਲ, ਗ੍ਰਿਫਤਾਰ ਕਰਨ ਦੀਆਂ ਇਹ ਨੀਤੀਆਂ ਉਨ੍ਹਾਂ ਹੀ ਲੋਕਾਂ (ਬੁਰੇ ਵਰਤਾਉ ਦਾ ਸ਼ਿਕਾਰ ਔਰਤਾਂ) ਖਿਲਾਫ ਹੀ ਵਰਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਰੱਖਿਆ ਕਰਨ ਲਈ ਇਹ ਤਿਆਰ ਕੀਤੀਆਂ ਗਈਆਂ ਹਨ।

ਕੁਝ ਹੋਰ ਕਾਰਨ ਵੀ ਹੋ ਸਕਦੇ ਹਨ ਜਿਹੜੇ ਪੁਲੀਸ ਵਲੋਂ ਘਰੇਲੂ ਹਿੰਸਾ ਲਈ ਕਿਸੇ ਬੁਰੇ ਵਰਤਾਉ ਦਾ ਸ਼ਿਕਾਰ ਔਰਤ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕਰਦੇ ਹਨ:

- ਸੰਬੰਧਾਂ ਵਿਚ ਮੁੱਖ ਹਮਲਾਵਰ ਦੀ ਪਛਾਣ ਕਰਨ ਲਈ ਹੋ ਸਕਦਾ ਪੁਲੀਸ ਹਾਲਤ ਦਾ ਸਹੀ ਅਨੁਮਾਨ ਨਾ ਲਾ ਰਹੀ ਹੋਵੇ;
- ਪੁਲੀਸ ਦੋਨਾਂ ਧਿਰਾਂ ਦਾ ਇਤਬਾਰ, ਆਪਣੇ ਪੱਖਪਾਤ, ਧਾਰਨਾਵਾਂ ਅਤੇ ਤਰਫ਼ਦਾਰੀਆਂ ਮੁਤਾਬਕ ਕਰ ਰਹੀ ਹੋ ਸਕਦੀ ਹੈ;
- ਪੁਲੀਸ ਜ਼ਿਆਦਾ ਦੁਖੀ ਅਤੇ ਜਜ਼ਬਾਤੀ ਧਿਰ (ਅਕਸਰ ਬੁਰੇ ਵਰਤਾਉ ਦਾ ਸ਼ਿਕਾਰ ਔਰਤ) ਨੂੰ ਗ੍ਰਿਫਤਾਰ ਕਰਨ ਦਾ ਝੁਕਾਉ ਰੱਖਦੀ ਹੋ ਸਕਦੀ ਹੈ;
- ਪੁਲੀਸ ਅਸਲੀ ਦੋਸ਼ੀ ਵਲੋਂ ਦਿੱਤੇ ਗਏ ਸ਼ਾਂਤ, ਵਿਚਾਰਸ਼ੀਲ, "ਵਾਜਬ" ਵੇਰਵੇ ਮੰਨਣ ਦਾ ਝੁਕਾਉ ਰੱਖਦੀ ਹੋ ਸਕਦੀ ਹੈ;
- ਪੁਲੀਸ ਇਹ ਵਿਚਾਰ ਰੱਖਦੀ ਹੋ ਸਕਦੀ ਹੈ ਕਿ ਐਬਰਿਜਨਲ ਔਰਤਾਂ, ਇਮੀਗਰਾਂਟ ਔਰਤਾਂ ਅਤੇ/ਰੰਗਦਾਰ ਔਰਤਾਂ ਵਲੋਂ ਹਿੰਸਾ ਦੀ ਵਰਤੋਂ ਕਰਨ ਦੀ ਜ਼ਿਆਦਾ ਗੁੰਜ਼ਾਇਸ਼ ਹੈ ਅਤੇ ਇਸ ਕਰਕੇ ਇਨ੍ਹਾਂ ਨੂੰ ਗ੍ਰਿਫਤਾਰ ਕਰੋ।

## ਪੁਲੀਸ ਨੂੰ ਕੀ ਕਰਨਾ ਚਾਹੀਦਾ ਹੈ?

ਆਰ ਸੀ ਐੱਮ ਪੀ ਦੀ ਉਨ੍ਹਾਂ ਔਰਤਾਂ ਦੀ ਰੱਖਿਆ ਕਰਨ ਦੀ ਇਕ ਖਾਸ ਨੀਤੀ ਹੈ ਜਿਹੜੀਆਂ ਅਜਿਹੀਆਂ ਹਾਲਤਾਂ ਵਿਚ ਹਿੰਸਾ ਦੀ ਵਰਤੋਂ ਕਰ ਸਕਦੀਆਂ ਹਨ ਜਿੱਥੇ ਚਾਲੂ ਰਹਿਣ ਵਾਲੇ ਬੁਰੇ ਵਰਤਾਉ ਦੀਆਂ ਉਹ ਅਸਲ ਦੋਸ਼ੀ ਨਹੀਂ ਹਨ। "ਮੁੱਖ ਹਮਲਾਵਰ" ਬਾਰੇ ਨੀਤੀ ਪੁਲੀਸ ਤੋਂ ਇਹ ਵਿਚਾਰ ਕਰਨ ਦੀ ਮੰਗ ਕਰਦੀ ਹੈ:

- ਸੰਬੰਧਾਂ ਵਿਚ ਹਿੰਸਾ ਦੇ ਸ਼ਿਕਾਰ ਵਿਅਕਤੀਆਂ ਦੀ ਰੱਖਿਆ ਲਈ ਬਣੇ ਕਾਨੂੰਨ ਅਤੇ ਬਣਾਈ ਗਈ ਨੀਤੀ ਦਾ ਮਕਸਦ ਕੀ ਹੈ;
- ਜ਼ਿਆਦਾ ਸਰੀਰਕ ਅਤੇ/ਜਾਂ ਜਜ਼ਬਾਤੀ ਨੁਕਸਾਨ ਕਿਸ ਦਾ ਹੋਇਆ ਹੈ ਅਤੇ ਇਸ ਸੱਟ ਲਈ ਇਲਾਜ ਕਿਸ ਦਾ ਹੋਇਆ ਹੈ;
- ਅਸਰਦਾਰ ਹਮਲਾ ਕਰਨ ਲਈ ਸਰੀਰਕ ਤਾਕਤ ਅਤੇ ਹੁਨਰ ਕਿਸ ਦੇ ਜ਼ਿਆਦਾ ਹਨ;
- ਇਨ੍ਹਾਂ ਸੰਬੰਧਾਂ ਵਿਚ ਬੁਰੇ ਵਰਤਾਉ ਦਾ ਪਿਛੋਕੜ ਅਤੇ ਢੰਗ ਕੀ ਹੈ।

BWSS ਇਹ ਯਕੀਨ ਕਰਦੀ ਹੈ ਕਿ ਸਾਰੇ ਕੇਸਾਂ ਵਿਚ ਪੁਲੀਸ ਨੂੰ ਘਰੇਲੂ ਹਿੰਸਾ ਦੇ ਦੋਸ਼ੀ ਵਜੋਂ ਕਿਸੇ ਔਰਤ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕਰਨ ਤੋਂ ਪਹਿਲਾਂ ਸੰਬੰਧਾਂ ਵਿਚਲੀ ਹਿੰਸਾ ਦੇ ਪ੍ਰਸੰਗ, ਪਿਛੋਕੜ ਅਤੇ ਸ਼ਕਤੀ ਦੀ ਚੰਗੀ ਤਰ੍ਹਾਂ ਪੜਤਾਲ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਕਰਨਾ ਚਾਹੀਦਾ ਹੈ:

- ਘਟਨਾ ਸਥਾਨ 'ਤੇ ਪਹੁੰਚਣ 'ਤੇ, ਇਹ ਪਤਾ ਲਾਉਣ ਲਈ ਦੋਨਾਂ ਧਿਰਾਂ ਦੇ ਇਹ ਵਿਚਾਰ ਸੁਣਨ ਲਈ ਉਨ੍ਹਾਂ ਨਾਲ ਵੱਖ ਵੱਖ ਇੰਟਰਵਿਊ ਕਰਨੀ ਚਾਹੀਦੀ ਹੈ ਕਿ ਕੀ ਹੋਇਆ ਹੈ, ਅਤੇ ਜੇ ਸੰਭਵ ਹੋਵੇ ਤਾਂ ਗੁਆਂਢੀਆਂ ਜਾਂ ਪਰਿਵਾਰ ਦੇ ਦੋਸਤਾਂ ਨਾਲ ਵੀ ਇੰਟਰਵਿਊ ਕਰਨੀ ਚਾਹੀਦੀ ਹੈ ਜਿਨ੍ਹਾਂ ਕੋਲ ਬੁਰੇ ਵਰਤਾਉ ਬਾਰੇ ਜਾਣਕਾਰੀ ਹੋ ਸਕਦੀ ਹੈ;
- ਜੇ ਔਰਤ ਇਮੀਗਰਾਂਟ ਹੈ ਜੋ ਚੰਗੀ ਤਰ੍ਹਾਂ ਅੰਗਰੇਜ਼ੀ ਨਹੀਂ ਬੋਲਦੀ ਤਾਂ ਉਸ ਨੂੰ ਅਨੁਵਾਦ ਕਰਨ ਲਈ ਯੋਗਤਾ ਪ੍ਰਾਪਤ ਦੋਭਾਸ਼ੀਆ ਦੇਣਾ ਚਾਹੀਦਾ ਹੈ;
- ਸੰਬੰਧਾਂ ਵਿਚ ਬੁਰੇ ਵਰਤਾਉ ਅਤੇ ਹਿੰਸਾ ਬਾਰੇ ਔਰਤ ਨੂੰ ਸਵਾਲ ਪੁੱਛਣੇ ਚਾਹੀਦੇ ਹਨ;
- ਔਰਤ ਵਲੋਂ ਸਵੈ-ਰੱਖਿਆ ਦੇ ਕੀਤੇ ਗਏ ਦਾਅਵਿਆਂ ਦੀ ਪੜਤਾਲ ਕਰਨੀ ਚਾਹੀਦੀ ਹੈ, ਅਤੇ ਇਹ ਪੜਤਾਲ ਕਰਨੀ ਚਾਹੀਦੀ ਹੈ ਕਿ ਕੀ ਉਸ ਵਲੋਂ ਕੀਤੀ ਗਈ ਹਿੰਸਾ ਦੀ ਵਰਤੋਂ ਜਾਇਜ਼ ਸੀ;
- ਇਹ ਅਨੁਮਾਨ ਲਾਉਣਾ ਚਾਹੀਦਾ ਹੈ ਕਿ ਕਿਹੜੀ ਧਿਰ ਜ਼ਿਆਦਾ ਖਤਰਨਾਕ ਹੈ, ਸਰੀਰਕ ਜ਼ੋਰ ਵਾਲੀ ਹੈ ਅਤੇ ਹਾਲਤ 'ਤੇ ਕੰਟਰੋਲ ਕਰਨ ਵਾਲੀ ਹੈ;
- ਦੋਨਾਂ ਧਿਰਾਂ ਨੂੰ ਲੱਗੀਆਂ ਸੱਟਾਂ ਦਾ ਧਿਆਨ ਨਾਲ ਅਨੁਮਾਨ ਲਾਉਣਾ ਚਾਹੀਦਾ ਹੈ (ਸਮੇਤ ਇਸ ਚੀਜ਼ ਦੇ ਕਿ ਕੀ ਇਹ ਸੱਟਾਂ ਸਵੈ-ਰੱਖਿਆ ਕਰਨ ਦੌਰਾਨ ਲੱਗੀਆਂ ਹੋ ਸਕਦੀਆਂ ਹਨ);
- ਖਤਰੇ ਦਾ ਵੱਡੇ ਪੱਧਰ 'ਤੇ ਅਨੁਮਾਨ ਲਾਉਣਾ ਚਾਹੀਦਾ ਹੈ ਅਤੇ ਸੁਰੱਖਿਆ ਦੀ ਵਿਉਂਤ (ਸੇਫਟੀ ਪਲੈਨ) ਬਣਾਉਣ ਵਿਚ ਔਰਤ ਦੀ ਮਦਦ ਕਰਨੀ ਚਾਹੀਦੀ ਹੈ;
- ਇਹ ਪਤਾ ਲਾਉਣ ਲਈ ਪਿਛੋਕੜ ਨੂੰ ਵਿਸਥਾਰ ਵਿਚ ਚੈੱਕ ਕਰਨਾ ਚਾਹੀਦਾ ਹੈ ਕਿ ਕੀ ਸੰਬੰਧਾਂ ਵਿਚ ਹਿੰਸਾ ਦੇ ਸੰਬੰਧ ਵਿਚ ਪਹਿਲਾਂ ਵੀ ਪੁਲੀਸ ਨੂੰ ਸੱਦਿਆ ਗਿਆ ਹੈ, ਅਤੇ ਕੀ ਘਰੇਲੂ ਹਿੰਸਾ ਦੇ ਸੰਬੰਧ ਵਿਚ ਮਰਦ ਦਾ ਆਮ ਤੌਰ 'ਤੇ ਮੁਜਰਮਾਨਾ ਪਿਛੋਕੜ ਹੈ।

ਜੇ ਫੌਰੀ ਤੌਰ 'ਤੇ ਇਹ ਸਪਸ਼ਟ ਨਹੀਂ ਹੈ ਕਿ ਮੁੱਖ ਹਾਵੀ ਹਮਲਾਵਰ ਕੌਣ ਹੈ, ਫਿਰ ਪੁਲੀਸ ਨੂੰ ਗ੍ਰਿਫਤਾਰ ਕਰਨ ਦੀ ਕਾਹਲ ਨਹੀਂ ਕਰਨੀ ਚਾਹੀਦੀ, ਸਗੋਂ ਰਿਕਾਰਡ ਦੇਖ ਕੇ, ਗਵਾਹਾਂ ਦੀ ਇੰਟਰਵਿਊ ਲੈ ਕੇ, ਅਤੇ ਪੈਰਵੀ ਵਜੋਂ ਇਨਕੁਆਰੀਆਂ ਕਰਕੇ ਅੱਗੇ ਹੋਰ ਪੜਤਾਲ ਕਰਨੀ ਚਾਹੀਦੀ ਹੈ।

ਜੇ ਪੁਲੀਸ ਉੱਪਰ ਲਿਖੇ ਕਦਮਾਂ ਦੀ ਪਾਲਣਾ ਨਾ ਕਰੇ ਤਾਂ ਤੁਸੀਂ ਆਪਣੀ ਗ੍ਰਿਫਤਾਰੀ ਦੇ ਸੰਬੰਧ ਵਿਚ ਕਾਰਵਾਈ ਕਰਨ ਬਾਰੇ ਵਿਚਾਰ ਕਰ ਸਕਦੇ ਹੋ, ਜਿਸ ਵਿਚ ਪੁਲੀਸ ਖਿਲਾਫ ਸ਼ਿਕਾਇਤ ਕਰਨਾ ਜਾਂ ਇਸ ਗੱਲ ਲਈ ਸਹਿਮਤ ਹੋਣਾ ਸ਼ਾਮਲ ਹੈ ਕਿ ਤੁਹਾਡੇ ਕੇਸ ਦੇ ਵੇਰਵੇ ਇਸ ਇਲਾਕੇ ਵਿਚ ਹਿਮਾਇਤ (ਐਡਵੋਕੇਸੀ) ਲਈ ਵਰਤੇ ਜਾਣ। ਤੁਹਾਡੇ ਲਈ ਸੰਭਵ ਚੋਣਾਂ ਦੇ ਜ਼ਿਆਦਾ ਵੇਰਵੇ ਅੱਗੇ ਇਸ ਲਿਖਤ (ਬਰੋਸ਼ਰ) ਦੇ ਭਾਗ "ਕਦਮ ਚੁੱਕੋ" ਵਿਚ ਦੇਖੇ ਜਾ ਸਕਦੇ ਹਨ।

## ਤੁਸੀਂ ਕੀ ਕਰ ਸਕਦੇ ਹੋ?

**1. ਜਾਣਕਾਰੀ ਲਵੋ** • ਔਰਤ ਦੀ ਗ੍ਰਿਫਤਾਰੀ ਦੇ ਕਾਰਨਾਂ ਅਤੇ ਤੁਹਾਡੀ ਹਾਲਤ ਉੱਪਰ ਪੁਲੀਸ ਅਤੇ ਸਰਕਾਰੀ ਵਕੀਲ ਦੀਆਂ ਲਾਗੂ ਹੋਣ ਵਾਲੀਆਂ ਢੁਕਵੀਂਆਂ ਨੀਤੀਆਂ ਬਾਰੇ ਜਾਣਕਾਰੀ ਲਵੋ ਅਤੇ ਸਿਖਿਅਤ ਹੋਵੋ। ਇਹ ਜਾਣੋ ਕਿ ਗ੍ਰਿਫਤਾਰੀ ਦੇ ਆਪਣੇ ਅਨੁਭਵ ਵਿਚ ਤੁਸੀਂ ਇਕੱਲੇ ਨਹੀਂ ਹੋ।

**2. ਮਦਦ ਲਵੋ** • ਗ੍ਰਿਫਤਾਰ ਹੋਣ ਨਾਲ ਬਹੁਤ ਜ਼ਿਆਦਾ ਜਜ਼ਬਾਤੀ ਨੁਕਸਾਨ ਹੁੰਦਾ ਹੈ, ਅਤੇ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਢੁਕਵੀਂ ਮਦਦ, ਦੋਨੋਂ ਜਜ਼ਬਾਤੀ ਅਤੇ ਕਾਨੂੰਨੀ ਲਵੋ।

ਬੈਟਰਡ ਵਿਮਨ'ਜ਼ ਸਪੋਰਟ ਸਰਵਿਸਿਜ਼ ਉਨ੍ਹਾਂ ਔਰਤਾਂ ਦੀ ਜਜ਼ਬਾਤੀ ਅਤੇ ਕਾਨੂੰਨੀ ਮਦਦ, ਕੌਂਸਲਿੰਗ ਅਤੇ ਹਿਮਾਇਤ ਕਰਦੀ ਹੈ ਜਿਹੜੀਆਂ ਬੁਰੇ ਵਰਤਾਉ ਦਾ ਸ਼ਿਕਾਰ ਹੋਈਆਂ ਹਨ। ਤੁਸੀਂ *ਬੈਟਰਡ ਵਿਮਨ'ਜ਼ ਸੁਪੋਰਟ ਸਰਵਿਸਜ਼* (BWSS) ਨੂੰ **604-687-1867** 'ਤੇ ਫੋਨ ਕਰਕੇ ਕੋਈ ਵੀ ਸਵਾਲ ਪੁੱਛ ਸਕਦੇ ਹੋ ਅਤੇ ਅਸੀਂ ਹੱਲ ਲੱਭਣ ਵਿਚ ਤੁਹਾਡੀ ਮਦਦ ਕਰਾਂਗੇ।

ਜੇ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਮਦਦ ਦੀ ਲੋੜ ਹੈ ਤਾਂ ਲੋਅਰ ਮੇਨਲੈਂਡ ਵਿਚ ਮਿਲਦੀਆਂ ਕੁਝ ਹੋਰ ਸੇਵਾਵਾਂ ਦੀ ਲਿਸਟ ਅੱਗੇ ਦਿੱਤੀ ਗਈ ਹੈ।

### ਕਾਨੂੰਨੀ ਨੁਮਾਇੰਦਗੀ ਅਤੇ ਸਲਾਹ

ਲੀਗਲ ਸਰਵਿਸਿਜ਼ ਸੁਸਾਇਟੀ
ਲੀਗਲ ਏਡ - **604-408-2172**

ਯੂ ਬੀ ਸੀ ਦਾ ਲਾਅ ਸਟੂਡੈਂਟਸ ਲੀਗਲ ਅਸਿਸਟੈਂਸ ਪ੍ਰੋਗਰਾਮ - **604-822-5791**

ਫਸਟ ਨੇਸ਼ਨਜ਼ ਲੀਗਲ ਕਲੀਨਿਕ - **604-684-7334**

## ਜਜ਼ਬਾਤੀ ਮਦਦ ਅਤੇ ਕੌਂਸਲਿੰਗ

*ਜਦੋਂ ਤੁਸੀਂ ਮਦਦ ਲਈ ਕਰਾਈਸਿਸ ਲਾਈਨਾਂ (ਉਹ ਥਾਂਵਾਂ ਜਿੱਥੇ ਸੰਕਟ ਸਮੇਂ ਫੋਨ ਕੀਤਾ ਜਾ ਸਕਦਾ ਹੈ), ਟ੍ਰਾਂਜ਼ੀਸ਼ਨ ਹਾਊਸਾਂ (ਬੁਰੇ ਵਰਤਾਉ ਤੋਂ ਪੀੜਤ ਔਰਤਾਂ ਲਈ ਘਰ) ਅਤੇ ਜੁਰਮ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਲਈ ਕਮਿਉਨਟੀ ਆਧਾਰਿਤ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਨੂੰ ਫੋਨ ਕਰਦੇ ਹੋ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਸ਼ੁਰੂ ਵਿਚ ਹੀ ਇਹ ਦੱਸ ਦੇਵੋ ਕਿ ਭਾਵੇਂ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਹੈ, ਪਰ ਤੁਸੀਂ ਸੰਬੰਧਾਂ ਵਿਚ ਮੁੱਖ ਹਮਲਾਵਰ ਨਹੀਂ ਹੋ। ਜੇ ਤੁਹਾਨੂੰ ਆਪਣੇ ਇਲਾਕੇ ਵਿਚ ਢੁਕਵੀਂ ਮਦਦ ਤੱਕ ਪਹੁੰਚ ਕਰਨ ਲਈ ਕੋਈ ਵੀ ਸਮੱਸਿਆ ਆਵੇ (ਕਿਉਂਕਿ ਸੰਸਥਾਵਾਂ ਇਹ ਫੈਸਲਾ ਕਰਦੀਆਂ ਹਨ ਕਿ ਤੁਸੀਂ ਜੁਰਮ ਦਾ ਸ਼ਿਕਾਰ ਨਹੀਂ ਹੋ) ਤਾਂ ਕਿਰਪਾ ਕਰਕੇ* **604-687-1867** *'ਤੇ* ***ਬੈਟਰਡ ਵਿਮਨਜ਼ ਸਪੋਰਟ ਸਰਵਿਸਜ਼ (BWSS) ਨੂੰ ਫੋਨ ਕਰੋ*** *ਅਤੇ ਅਸੀਂ ਤੁਹਾਨੂੰ ਚਾਹੀਦੀ ਮਦਦ ਲੱਭਣ ਵਿਚ ਤੁਹਾਡੀ ਸਹਾਇਤਾ ਕਰਾਂਗੇ।*

ਤੁਸੀਂ ਇਹ ਪਤਾ ਲਾਉਣ ਲਈ **1 800-563-0808** 'ਤੇ ਵਿਕਟਿਮਲਿੰਕ ਨੂੰ ਫੋਨ ਕਰ ਸਕਦੇ ਹੋ ਕਿ ਬ੍ਰਿਟਿਸ਼ ਕੋਲੰਬੀਆ ਵਿਚ ਤੁਹਾਡੇ ਨੇੜੇ ਕਿਹੜੀਆਂ ਕਰਾਈਸਿਸ ਲਾਈਨਾਂ, ਟ੍ਰਾਂਜ਼ੀਸ਼ਨ ਹਾਊਸ ਅਤੇ ਜੁਰਮ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਲਈ ਕਮਿਉਨਟੀ ਆਧਾਰਿਤ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਹਨ।

**3. ਕਦਮ ਚੁੱਕੋ** • ਆਪਣੀ ਗ੍ਰਿਫਤਾਰੀ ਬਾਰੇ ਕਦਮ ਚੁੱਕਣ ਦੇ ਕਈ ਤਰੀਕੇ ਹਨ। ਤੁਹਾਨੂੰ ਹਿਮਾਇਤ ਲਈ ਅੱਗੇ ਲਿਖੀਆਂ ਸੰਭਾਵਨਾਵਾਂ ਬਾਰੇ ਆਪਣੇ ਵਿਕਟਿਮ ਸਰਵਿਸਜ਼ ਸਪੋਰਟ ਵਰਕਰ (ਪੀੜਤ ਔਰਤਾਂ ਦੀ ਮਦਦ ਕਰਨ ਵਾਲਾ ਕਰਮਚਾਰੀ) ਜਾਂ ਕਾਨੂੰਨੀ ਐਡਵੋਕੇਟ ਨਾਲ ਗੱਲ ਕਰਨੀ ਚਾਹੀਦੀ ਹੈ:

- ਆਪਣੇ ਵਿਕਟਿਮ ਸਰਵਿਸਜ਼ ਸਪੋਰਟ ਵਰਕਰ ਜਾਂ ਕਾਨੂੰਨੀ ਐਡਵੋਕੇਟ ਨੂੰ ਕਹੋ ਕਿ ਉਹ ਪੁਲੀਸ ਅਤੇ/ਜਾਂ ਸਰਕਾਰੀ ਵਕੀਲ ਨੂੰ ਲਿਖ ਕੇ ਆਖੇ ਕਿ ਤੁਹਾਡੇ 'ਤੇ ਲਗਾਏ ਗਏ ਦੋਸ਼ (ਚਾਰਜ) ਖਤਮ ਕੀਤੇ ਜਾਣ (ਜੇ ਢੁਕਵਾਂ ਹੋਵੇ ਤਾਂ ਇਹ ਦਾਅਵਾ ਕਰਦੇ ਹੋਏ ਕਿ ਉਹ ਨੀਤੀ ਦੀ ਪਾਲਣਾ ਕਰਨ ਵਿਚ ਫੇਲ੍ਹ ਹੋਏ ਹਨ)।
- ਆਪਣੇ ਵਿਕਟਿਮ ਸਰਵਿਸਜ਼ ਸਪੋਰਟ ਵਰਕਰ ਜਾਂ ਕਾਨੂੰਨੀ ਐਡਵੋਕੇਟ ਨੂੰ ਕਹੋ ਕਿ ਉਹ ਤੁਹਾਨੂੰ, ਔਰਤ ਨੂੰ, ਗ੍ਰਿਫਤਾਰ ਕਰਨ ਵਿਚ ਪੁਲੀਸ ਦੇ ਵਤੀਰੇ ਬਾਰੇ ਕਮਿਸ਼ਨ ਫਾਰ ਪਬਲਿਕ ਕਮਪਲੇਂਟਸ ਅਗੇਨਸਟ ਦਾ ਆਰ ਸੀ ਐੱਮ ਪੀ (ਜੇ ਆਰ ਸੀ ਐੱਮ ਪੀ ਦੇ ਅਫਸਰਾਂ ਨੇ ਤੁਹਾਨੂੰ ਗ੍ਰਿਫਤਾਰ ਕੀਤਾ ਹੈ) ਜਾਂ ਆਫਿਸ ਆਫ ਦਾ ਪੁਲੀਸ ਕਮਪਲੇਂਟ ਕਮਿਸ਼ਨਰ (ਜੇ ਮਿਊਂਸਪਿਲ ਪੁਲੀਸ ਦੇ ਅਫਸਰਾਂ ਨੇ ਤੁਹਾਨੂੰ ਗ੍ਰਿਫਤਾਰ ਕੀਤਾ ਹੈ) ਨੂੰ ਰਸਮੀ ਲਿਖਤੀ ਸ਼ਿਕਾਇਤ ਦਰਜ ਕਰਵਾਉਣ ਵਿਚ ਤੁਹਾਡੀ ਮਦਦ ਕਰੇ।

*ਤੁਹਾਨੂੰ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਕੈਨੇਡਾ ਵਿਚ ਪੁਲੀਸ ਵਿਰੁੱਧ ਸ਼ਿਕਾਇਤਾਂ ਦੇ ਸਿਸਟਮ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ, ਜਿਸ ਵਿਚ ਇਕ ਪੁਲੀਸ ਵਲੋਂ ਪੁਲੀਸ ਦੀ ਪੜਤਾਲ ਕਰਨਾ ਹੈ।* ਫਿਰ ਵੀ, ਲਿਖਤੀ ਰੂਪ ਵਿਚ ਰਸਮੀ ਸ਼ਿਕਾਇਤ ਕਰਨ ਦਾ ਮਤਲਬ ਹੈ ਕਿ ਤੁਹਾਡਾ ਕੇਸ ਰਿਕਾਰਡ ਵਿਚ ਪੈ ਗਿਆ ਹੈ, ਅਤੇ ਪੁਲੀਸ ਨੂੰ ਤੁਹਾਡੇ ਦੋਸ਼ਾਂ ਦਾ ਜਵਾਬ ਦੇਣਾ ਪਵੇਗਾ (ਨਾ ਕਿ ਉਲਟ ਤਰ੍ਹਾਂ)। *ਤੁਸੀਂ ਆਪਣੇ ਵਿਕਟਿਮ ਸਰਵਿਸਜ਼ ਸਪੋਰਟ ਵਰਕਰ ਜਾਂ ਕਾਨੂੰਨੀ ਐਡਵੋਕੇਟ ਨੂੰ ਪੁੱਛ ਸਕਦੇ ਹੋ ਕਿ ਉਹ ਸਹਾਇਕ-ਸ਼ਿਕਾਇਤਕਰਤਾ ਦੇ ਤੌਰ 'ਤੇ ਰਿਕਾਰਡ 'ਤੇ ਆਵੇ ਅਤੇ ਪੜਤਾਲ ਕਰਨ ਵਾਲੇ ਅਫਸਰਾਂ ਨਾਲ ਹੋਣ ਵਾਲੀ ਕਿਸੇ ਵੀ ਇੰਟਰਵਿਊ ਜਾਂ ਮੀਟਿੰਗ ਵਿਚ ਤੁਹਾਡੇ ਨਾਲ ਹੋਵੇ ਤਾਂ ਜੋ ਇਹ ਪੱਕਾ ਹੋਵੇ ਕਿ ਇਸ ਕਾਰਵਾਈ ਦੌਰਾਨ ਤੁਹਾਨੂੰ ਢੁਕਵੀਂ ਜਜ਼ਬਾਤੀ ਮਦਦ ਮਿਲ ਰਹੀ ਹੈ।*

- ਆਪਣੇ ਵਿਕਟਿਮ ਸਪੋਰਟ ਵਰਕਰ ਜਾਂ ਕਾਨੂੰਨੀ ਐਡਵੋਕੇਟ ਨੂੰ ਇਹ ਸਹਿਮਤੀ ਦੇਵੋ ਕਿ ਉਹ ਤੁਹਾਡੇ ਕੇਸ ਦੇ ਵੇਰਵੇ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਸਰਕਾਰ ਕੋਲ ਇਹ ਹਿਮਾਇਤ ਕਰਨ ਲਈ ਵਰਤ ਸਕਣ ਕਿ ਉਹ ਇਸ ਖੇਤਰ ਵਿਚ ਨੀਤੀ ਅਤੇ ਅਮਲਾਂ ਦੋਨਾਂ ਵਿਚ ਸੁਧਾਰ ਕਰਨ।

ਤੁਹਾਡੇ ਕੋਲ ਹੋਰ ਕਾਨੂੰਨੀ ਚਾਰੇ ਵੀ ਮੌਜੂਦ ਹੋ ਸਕਦੇ ਹਨ, ਜਿਵੇਂ ਕਿ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਵਿਤਕਰੇ ਦੀ ਸ਼ਿਕਾਇਤ ਦਰਜ ਕਰਵਾਉਣਾ ਜਾਂ ਸਮਾਲ ਕਲੇਮ ਦਾ ਕੇਸ ਕਰਨਾ।

**ਬੀ ਡਬਲਯੂ ਐੱਸ ਐੱਸ (BWSS)** ਇਸ ਵੇਲੇ ਔਰਤਾਂ ਦੀ ਗ੍ਰਿਫਤਾਰੀ ਦੇ ਮਸਲੇ ਉੱਪਰ ਕਾਨੂੰਨ ਵਿਚ ਸੁਧਾਰ ਦੇ ਪ੍ਰੋਜੈਕਟ 'ਤੇ ਕੰਮ ਕਰ ਰਹੀ ਹੈ, ਅਤੇ ਇਹ ਗ੍ਰਿਫਤਾਰ ਹੋਈਆਂ ਔਰਤਾਂ ਨਾਲ ਗੱਲਬਾਤ ਕਰਨ, ਉਨ੍ਹਾਂ ਦੀ ਹਿਮਾਇਤ ਅਤੇ ਮਦਦ ਕਰਨ ਦੀ ਇੱਛਕ ਹੈ।

ਇਸ ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲੈਣ ਲਈ ਜਾਂ ਉਹ ਮਦਦ ਲੈਣ ਲਈ ਜਿਸ ਦੀ ਤੁਹਾਨੂੰ ਆਪਣੀ ਗ੍ਰਿਫਤਾਰੀ ਦੇ ਅਨੁਭਵ ਵਿਚ ਦੀ ਗੁਜ਼ਰਨ ਲਈ ਲੋੜ ਹੈ, ਕਿਰਪਾ ਕਰਕੇ ਬੀ ਡਬਲਯੂ ਐੱਸ ਐੱਸ (BWSS) ਨਾਲ ਕੰਮਕਾਰ ਵਾਲੇ ਦਿਨਾਂ ਵਿਚ ਸਵੇਰ ਦੇ 10 ਵਜੇ ਅਤੇ ਸ਼ਾਮ ਦੇ 5 ਵਜੇ ਵਿਚਕਾਰ (ਅਤੇ ਬੁੱਧਵਾਰਾਂ ਨੂੰ ਸ਼ਾਮ ਦੇ 8 ਵਜੇ ਤੱਕ) **604-687-1867** 'ਤੇ ਸੰਪਰਕ ਕਰੋ।

ਜੇ ਤੁਹਾਨੂੰ ਇਨ੍ਹਾਂ ਸਮਿਆਂ ਤੋਂ ਬਾਅਦ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਜਾਣਕਾਰੀ ਲੈਣ ਲਈ ਵਿਕਟਿਮਲਿੰਕ ਨਾਲ **1-800-563-0808** 'ਤੇ ਸੰਪਰਕ ਕਰੋ।

bwss
BATTERED**WOMEN'S**
**SUPPORT**SERVICES